C/2110

ਪੰਜਾਬੀ ਲਾਜ਼ਮੀ

SEMESTER-V (PVT. DECEMBER, 2019)

TIME ALLOWED 3 Hrs

M.M 100

**NOTE:** The candidates are required to attempt two questions each from Section A & B Section C will be compulsory.

## ਭਾਗ ੳ

ਪ੍ਰਸ਼ਨ: 'ਏਹੁ ਹਮਾਰਾ ਜੀਵਣਾ' ਨਾਵਲ ਵਿਚ ਔਰਤ ਦੀ ਮਾੜੀ ਸਿਥਤੀ ਨੂੰ ਪੇਸ਼ ਕੀਤਾ ਗਿਆ ਹੈ । ਚਰਚਾ ਕਰੋ ।

ਜਾਂ

'ਏਹੁ ਹਮਾਰਾ ਜੀਵਣਾ ' ਨਾਵਲ ਦਾ ਸਾਰ ਆਪਣੇ ਸ਼ਬਦਾਂ ਵਿਚ ਬਿਆਨ ਕਰੋ । 15 ਅੰਕ

ਪ੍ਰਸ਼ਨ: 2 ਕਿਸੇ ਇਕ ਪਾਤਰ ਦਾ ਪਾਤਰ ਚਿਤਰਨ ਕਰੋ ।

੧. ਦਿਆਲੋ

੨. ਭਾਨੋ । 10 ਅੰਕ

## ਭਾਗ ਅ

ਪ੍ਰਸ਼ਨ 3 ਕਿਸੇ ਇਕ ਵਿਸ਼ੇ ਤੇ ਲਗਭਗ 50 ਸ਼ਬਦਾਂ ਵਿਚ ਲੇਖ ਲਿਖੋ

( ੳ) ਪੰਜਾਬੀ ਲੋਕ -ਸਾਹਿਤ

(ਅ) ਅਜੋਕਾ ਕੰਪਿਊਟਰ ਯੁੱਗ

(ੲ ) ਪੰਜਾਬ ਦੇ ਲੋਕ ਨਾਚ। 15 ਅੰਕ

ਪ੍ਰਸ਼ਨ 4: ਕੋਈ ਇਕ ਪ੍ਰਸ਼ਨ ਕਰੋ :

(ੳ) ਨਾਂਵ ਵਾਕੰਸ਼ ਦੀ ਪਰਿਭਾਸ਼ਾ ਦਿੰਦੇ ਹੋਏ ਬਣਤਰ ਦੇ ਆਧਾਰ ਤੇ ਇਸਦੀਆਂ ਕਿਸਮਾਂ ਤੇ ਨੋਟ ਲਿਖੋ

(ਅ) ਕਿਰਿਆ ਵਾਕੰਸ਼ ਕੀ ਹੁੰਦਾ ਹੈ ? ਅਕਾਲਕੀ ਅਤੇ ਕਾਲਕੀ ਕਿਰਿਆਵਾਂ ਬਾਰੇ ਦੱਸੋ? 15 ਅੰਕ

ਪ੍ਰਸ਼ਨ 5: ਵਿਵਹਾਰਕ ਵਿਆਕਰਨ

(ੳ ) ਭਾਨੋ ਰੋਟੀਆਂ ਪਕਾ ਕੇ ਹਟੀ ਹੀ ਸੀ ਕੇ ਜਾਗਰ ਹੇਠਾਂ ਉਤਰ ਆਇਆ । ( ਨਾਂਵ ਸ਼ਬਦ ਪਛਾਣੋ)

(ਅ) ਸੰਤੀ ਨੇ ਗੀਟੇ ਖੇਡਣ ਵਾਲੀਆਂ ਕੁੜੀਆਂ ਵਿਚੋਂ ਹੀ ਨਿੱਕੀ ਜਿਹੀ ਕੁੜੀ ਨੂੰ ਪੁੱਛਿਆ। ( ਕਿਰਿਆ ਸ਼ਬਦ ਪਛਾਣੋ)

(ੲ) ਭਾਨੋ ਭਾਂਡੇ ਮਾਂਜ ਰਹੀ ਸੀ ।(ਵਾਕ ਵਿਚ ਨਾਂਵ ਵਾਕੰਸ਼ ਤੇ ਕਿਰਿਆ ਵਾਕੰਸ਼ ਕਿਹੜੇ ਕਿਹੜੇ ਹਨ)

( ਸ ) ਤੇਰਾ ਮੇਰਾ ਧਰਮ ਰਿਹਾ ਭਾਬੀ ਤੇਰੀ ਮਰਜ਼ੀ ਤੋਂ ਬਿਨਾਂ ਮੈਂ ਤੈਨੂੰ ਉਂਗਲ ਨ੍ਹੀਂ ਲਾਉਂਦਾ। (ਇਸ ਵਾਕ ਵਿੱਚ ਪੜਨਾਂਵ ਸ਼ਬਦ ਕਿਹੜੇ ਕਿਹੜੇ ਹਨ)। 5 ਅੰਕ

## ਭਾਗ - ੲ

ਪ੍ਰਸ਼ਨ 6. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ।

1 . ਭਾਨੋ ਪਹਿਲਾਂ ਕਿਸ ਨਾਲ ਵਿਆਹੀ ਗਈ ਸੀ? ਉਸ ਦੀ ਮੌਤ ਕਿਸ ਤਰ੍ਹਾਂ ਹੋਈ?

2 . ਦਿਆਲੋ ਦੇ ਭਾਨੋ ਬਾਰੇ ਕੀ ਵਿਚਾਰ ਸਨ ?

3 . ਭਾਨੋ ਨੂੰ ਗੰਗਾ ਵਿੱਚ ਡੁੱਬਣ ਤੋਂ ਕਿਸ ਨੇ ਕਿਸ ਤਰ੍ਹਾਂ ਬਚਾਇਆ?

4 . ਨਰੈਣ ਨੇ ਭਾਨੋ ਨੂੰ ਕਿਉਂ ਕੁੱਟਿਆ?

5 . ਬੀਬੀ ਕਰਤਾਰੀ ਕੌਣ ਸੀ ?

6 . ਜਾਗਰ ਨੇ ਭਾਨੋ ਦੇ ਘਰ ਜਾ ਕੇ ਕੀ ਹਰਕਤ ਕੀਤੀ ?

7 . ਏਹੁ ਹਮਾਰਾ ਜੀਵਣਾ 'ਨਾਵਲ ਦਾ ਉਦੇਸ਼ ਕੀ ਹੈ ?

8 . 'ਏਹੁ ਹਮਾਰਾ ਜੀਵਣਾ' ਨਾਵਲ ਦੇ ਪਾਤਰਾਂ ਦੇ ਨਾਮ ਲਿਖੋ

9.'ਸਰਵਣ ਸੀ ਉਸ ਦਾ ਨਾਉਂ । ਤੈਨੂੰ ਕੀ ਦੱਸਾਂ ਬੇਬੇ ਨਹੀਂ ਜੰਮਣਾ ਉਸ ਵਰਗਾ ਦੂਜਾ ਕੋਈ।" ਇਹ ਗੱਲ ਕੌਣ ਕਿਸ ਨੂੰ ਕਹਿੰਦਾ ਹੈ?

10."ਜਦ ਤੇਰਾ ਉਸ ਦਾ ਸੀਰ ਈ ਨਾ ਰਿਹਾ ਤੈਨੂੰ ਕੀ ਚੁੱਲ੍ਹੇ 'ਚ ਪਵੇ ਉਨ੍ਹਾਂ ਦੀ ਸੁਖ-ਸਾਂਦ।" ਇਹ ਸ਼ਬਦ ਕਿਸ ਨੇ ਕਿਸ ਨੂੰ ਤੇ ਕਿਉਂ ਕਹੇ?

11. ਸੀਮਾ ਬੱਧ ਅਤੇ ਸੀਮਾ ਰਹਿਤ ਕਿਰਿਆ ਵਿੱਚ ਅੰਤਰ ਸਪੱਸ਼ਟ ਕਰੋ ?

12 . ਨਾਂਵ ਵਾਕੰਸ਼ ਵਿਚਲੇ ਜ਼ਰੂਰੀ ਤੱਤ ਕਿਹੜੇ ਕਿਹੜੇ ਹਨ ?

13. ਪ੍ਰਧਾਨ ਕਰਮ ਤੇ ਅਪ੍ਰਧਾਨ ਕਰਮ ਦਾ ਨਿਖੇੜ ਕਰੋ?

14. ਰੂਪ ਦੇ ਆਧਾਰ ਤੇ ਨਾ ਵਾਕੰਸ਼ ਦੀ ਪਛਾਣ ਕਿਸ ਤਰ੍ਹਾਂ ਕੀਤੀ ਜਾਂਦੀ ਹੈ?

15. ਸਹਾਇਕ ਕਿਰਿਆ ਦੀ ਪ੍ਰੀਭਾਸ਼ਾ ਦਿਓ

16 .ਪੰਜਾਬੀ ਵਿੱਚ ਨਾਂਹ ਵਾਚਕ ਸ਼ਬਦਾਂ ਦੀ ਵਰਤੋਂ ਕਿਸ ਤਰ੍ਹਾਂ ਹੁੰਦੀ ਹੈ ?

17. ਸੰਭਾਵਕ ਸੰਚਾਲਕ ਕਿਰਿਆ ਬਾਰੇ ਸੰਖੇਪ ਵਿੱਚ ਦੱਸੋ?

18. ਵਿਆਕਰਨ ਤੋਂ ਕੀ ਭਾਵ ਹੈ ?

19. ਕਿਰਿਆ ਵਿੱਚ ਸਹਾਇਕ ਕਿਰਿਆ ਦਾ ਸਥਾਨ ਕਿਹੜਾ ਹੁੰਦਾ ਹੈ ? ਉਦਾਹਰਣ ਦੇ ਕੇ ਸਮਝਾਓ।

20. ਵਾਕੰਸ਼ ਦੀ ਪਰਿਭਾਸ਼ਾ ਦਿਓ 20*2= 40